DESH SEWAK
ਦੇਸ਼ ਸੇਵਕ

# ਕਰਮਚਾਰੀ ਰਾਜ ਬੀਮਾ ਨਿਗਮ ਦੇ ਖੇਤਰੀ ਦ.ਫਤਰ ਦਾ ਹੋਇਆ ਉਦਘਾਟਨ

ਰੋਮੀ ਕਪੂਰ, ਸੁਰਿੰਦਰ ਦਮਦਮੀ

ਕੋਟਕਪੂਰਾ, 30 ਜੁਲਾਈ : ਕਰਮਚਾਰੀ ਰਾਜ ਬੀਮਾ ਨਿਗਮ ਪੰਜਾਬ ਦੇ ਖੇਤਰੀ ਡਾਇਰੈਕਟਰ ਰਾਕੇਸ਼ ਕੁਮਾਰ ਦੀਆਂ ਹਦਾਇਤਾਂ ਅਨੁਸਾਰ ਅੱਜ ਸ਼ਾਖਾ ਦਫਤਰ ਕੋਟਕਪੂਰਾ ਦਾ ਰਸਮੀ ਉਦਘਾਟਨ ਕੀਤਾ ਗਿਆ। ਸ਼ਾਖਾ ਦਫ਼ਤਰ ਦੇ ਉਦਘਾਟਨੀ ਸਮਾਰੋਹ ਵਿੱਚ ਖੇਤਰੀ ਦਫ਼ਤਰ ਕਰਮਚਾਰੀ ਰਾਜ ਬੀਮਾ ਨਿਗਮ ਚੰਡੀਗੜ੍ਹ ਤੋਂ ਡਿਪਟੀ ਡਾਇਰੈਕਟਰ ਪਰਗਟ ਸਿੰਘ ਅਤੇ ਡਿਪਟੀ ਡਾਇਰੈਕਟਰ ਰਾਜ ਭਾਸ਼ਾ ਮਨੋਜ ਤੰਵਰ, ਸਤਿੰਦਰ ਸਿੰਘ ਮੈਨੇਜਰ ਸ਼ਾਖਾ ਦਫ਼ਤਰ ਮੋਗਾ ਨੇ ਵਿਸ਼ੇਸ਼ ਤੌਰ @ਤੇ ਸ਼ਿਰਕਤ ਕੀਤੀ। ਸਮਾਗਮ ਦੀ ਪ੍ਰਧਾਨਗੀ ਡਿਪਟੀ ਡਾਇਰੈਕਟਰ ਪਰਗਟ ਸਿੰਘ ਨੇ ਕੀਤੀ। ਇਹ ਸੰਖੇਪ ਸਮਾਗਮ ਕੋਟਕਪੂਰਾ ਸ਼ਾਖਾ ਦਫ਼ਤਰ ਦਾ ਚਾਰਜ ਦੇਖ ਰਹੇ ਸਮਾਜਿਕ ਸੁਰੱਖਿਆ ਅਫ਼ਸਰ ਤੇ ਬਰਾਂਚ ਪ੍ਰਬੰਧਕ ਰਾਜ ਕੁਮਾਰ ਜੁਨੇਜਾ ਦੀ ਅਗਵਾਈ ਵਿੱਚ ਕੀਤਾ ਗਿਆ। ਇਸ ਮੌਕੇ ਰਾਜ ਕੁਮਾਰ ਜੁਨੇਜਾ ਨੇ ਕਿਹਾ ਕਿ ਕਮਰਚਾਰੀ ਰਾਜ ਬੀਮਾ ਨਿਗਮ ਭਾਰਤ ਸਰਕਾਰ ਦੇ ਕਿਰਤ ਅਤੇ ਰੁਜ਼ਗਾਰ ਮੰਤਰਾਲੇ ਦੁਆਰਾ ਮਜ਼ਦੂਰਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਸਮਾਜਿਕ



ਸੁਰੱਖਿਆ ਪ੍ਰਦਾਨ ਕਰਨ ਲਈ ਚਲਾਇਆ ਜਾਂਦਾ ਇੱਕ ਕਾਨੂੰਨੀ ਕਾਰਪੋਰੇਸ਼ਨ ਹੈ, ਜਿਸ ਦੁਆਰਾ ਮਜ਼ਦੂਰਾਂ ਨੂੰ ਕਈ ਤਰ੍ਹਾਂ ਦੇ ਮੈਡੀਕਲ ਅਤੇ ਹੋਰ ਨਕਦ ਲਾਭ ਪ੍ਰਦਾਨ ਕੀਤੇ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਕੋਟਕਪੂਰਾ ਵਿੱਚ ਕਰਮਚਾਰੀ ਰਾਜ ਬੀਮਾ ਨਿਗਮ ਦਾ ਸ਼ਾਖਾ ਦਫ਼ਤਰ ਖੁੱਲ੍ਹਣ ਨਾਲ ਫਰੀਦਕੋਟ ਜ਼ਿਲ੍ਹੇ ਦੇ ਬੀਮਾਯੁਕਤ ਕਰਮਚਾਰੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਬਹੁਤ ਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਖੇਤਰ ਪਹਿਲਾਂ ਬਰਾਂਚ ਦਫ਼ਤਰ ਮੋਗਾ ਨਾਲ ਜੁੜਿਆ ਹੋਇਆ ਸੀ, ਇਸ ਲਈ ਬਰਾਂਚ ਦਫਤਰ ਮੋਗਾ ਵਿਖੇ ਜਾਣਾ ਪੈਂਦਾ ਸੀ, ਹੁਣ ਇਹ ਸਹੂਲਤ ਫ਼ਰੀਦਕੋਟ ਰੋਡ @ਤੇ ਸਥਿਤ ਇੰਡਸਟਰੀਅਲ ਫੋਕਲ ਪੁਆਇੰਟ @ਚ ਖੋਲ੍ਹੀ ਗਈ ਹੈ। ਇਸ ਮੌਕੇ ਫੋਕਲ ਪੁਆਇੰਟ ਐਸੋਸੀਏਸ਼ਨ ਦੇ ਪ੍ਰਧਾਨ ਵਿਸ਼ਾਲ ਗੋਇਲ, ਸੁਤੰਤਰ ਗੋਇਲ, ਸ਼ੀਤਲ ਗੋਇਲ ਕੈਸ਼ੀਅਰ, ਕਰਨ ਅਰੋੜਾ, ਵਿਪਨ ਗੁਪਤਾ, ਰਜੇਸ਼ ਅਰੋੜਾ, ਅਰੁਣ ਕੁਮਾਰ, ਰਜੀਵ ਚੋਪੜਾ, ਅਭਿਕ ਗੋਇਲ, ਸੀ.ਏ. ਅਨਮੋਲ ਜੁਨੇਜਾ, ਅਕਾਸ਼ ਮਹੇਸ਼ਵਰੀ, ਸਟੇਟ ਇੰਸ਼ੋਰੈਂਸ ਕਾਰਪੋਰੇਸ਼ਨ ਡਿਸਪੈਂਸਰੀ ਕੋਟਕਪੂਰਾ ਦੇ ਇੰਸ਼ੋਰੈਂਸ ਮੈਡੀਕਲ ਅਫਸਰ ਡਾ. ਹਰਜੋਤ ਕੌਰ, ਡਾ.ਅੰਜਲੀ ਠਾਕੁਰ ਅਤੇ ਫਾਰਮਾਸਿਸਟ ਸੁਨੀਲ ਕੁਮਾਰ ਆਦਿ ਤੋਂ ਇਲਾਵਾ ਸਥਾਨਕ ਬੀਮਾਯੁਕਤ ਕਰਮਚਾਰੀ ਅਤੇ ਉਨ੍ਹਾਂ ਦੇ ਨੁਮਾਇੰਦੇ ਸ਼ਾਮਲ ਹੋਏ।

ਅਸਾਮੀਆਂ ਦੀ ਰਚਨਾ ਕੀਤੀ ਜਾਵੇ।



ਰ ਯੂਨੀਅਨ
ਵੀਰ: ਮਿੰਦਾ

ਧਾਨ ਬਣੇ

ਲ੍ਹੇ ਦਾ
ਨਿਯੁਕਤ
ਮਿੰਦਰ
ਣਵਾਇਆ
ਜ਼ਿੰਮੇਵਾਰੀ

# ਕਰਮਚਾਰੀ ਰਾਜ ਬੀਮਾ ਨਿਗਮ ਦੇ ਸ਼ਾਖ਼ਾ ਦਫ਼ਤਰ ਕੋਟਕਪੂਰਾ ਦਾ ਹੋਇਆ ਉਦਘਾਟਨ

ਕੋਟਕਪੂਰਾ, 30 ਜੁਲਾਈ (ਮੋਹਰ ਸਿੰਘ ਗਿੱਲ, ਮੇਘਰਾਜ)-ਖੇਤਰੀ ਡਾਇਰੈਕਟਰ ਕਰਮਚਾਰੀ ਰਾਜ ਬੀਮਾ ਨਿਗਮ ਪੰਜਾਬ ਰਾਕੇਸ ਕੁਮਾਰ ਦੀਆਂ ਹਦਾਇਤਾਂ ਅਨੁਸਾਰ ਸ਼ਾਖਾ ਦਫ਼ਤਰ ਕੋਟਕਪੂਰਾ ਦਾ ਰਸਮੀਂ ਉਦਘਾਟਨ ਕੀਤਾ ਗਿਆ। ਉਦਘਾਟਨੀ ਸਮਾਰੋਹ 'ਚ ਖੇਤਰੀ ਦਫ਼ਤਰ ਕਰਮਚਾਰੀ ਰਾਜ ਬੀਮਾ ਨਿਗਮ ਚੰਡੀਗੜ੍ਹ ਤੋਂ ਡਿਪਟੀ ਡਾਇਰੈਕਟਰ ਪ੍ਰਗਟ ਸਿੰਘ ਅਤੇ ਡਿਪਟੀ ਡਾਇਰੈਕਟਰ ਰਾਜ ਭਾਸ਼ਾ ਮਨੋਜ ਤੰਵਰ, ਸਤਿੰਦਰ ਸਿੰਘ ਮੈਨੇਜਰ ਸ਼ਾਖਾ ਦਫ਼ਤਰ ਮੋਗਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸਮਾਗਮ ਦੀ ਪ੍ਰਧਾਨਗੀ ਡਿਪਟੀ ਡਾਇਰੈਕਟ ਨੇ ਕੀਤੀ।

ਕੋਟਕਪੂਰਾ ਸ਼ਾਖਾ ਦਫ਼ਤਰ ਦਾ ਚਾਰਜ ਦੇਖ ਰਹੇ ਸਮਾਜਿਕ ਸੁਰੱਖਿਆ ਅਫ਼ਸਰ ਅਤੇ ਬ੍ਰਾਂਚ ਪ੍ਰਬੰਧਕ ਰਾਜ ਕੁਮਾਰ ਜੁਨੇਜਾ ਨੇ ਕਿਹਾ ਕਿ ਕਮਰਚਾਰੀ ਸਟੇਟ ਬੀਮਾ ਨਿਗਮ ਭਾਰਤ ਸਰਕਾਰ ਦੇ ਕਿਰਤ ਅਤੇ ਰੁਜ਼ਗਾਰ ਮੰਤਰਾਲੇ ਦੁਆਰਾ ਮਜ਼ਦੂਰਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਸਮਾਜਿਕ ਸੁਰੱਖਿਆ ਪ੍ਰਦਾਨ ਕਰਨ ਲਈ ਚਲਾਇਆ ਜਾਂਦਾ ਇਕ ਕਾਨੂੰਨੀ ਕਾਰਪੋਰੇਸ਼ਨ ਹੈ, ਜਿਸ ਦੁਆਰਾ ਮਜ਼ਦੂਰਾਂ ਨੂੰ ਕਈ ਤਰ੍ਹਾਂ ਦੇ ਮੈਡੀਕਲ ਅਤੇ ਹੋਰ ਨਕਦ ਲਾਭ ਦਿੱਤੇ ਜਾਂਦੇ ਹਨ। ਸ਼ਾਖਾ ਦਫ਼ਤਰ ਮੁੱਢਲਾ ਨਾਲ ਫ਼ਰੀਦਕੋਟ ਜ਼ਿਲ੍ਹੇ ਦੇ ਬੀਮਾਯੁਕਤ ਕਰਮਚਾਰੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਬਹੁਤ ਲਾਭ ਹੋਵੇਗਾ।

ਇਹ ਖੇਤਰ ਪਹਿਲਾਂ ਬ੍ਰਾਂਚ ਦਫ਼ਤਰ ਮੋਗਾ ਨਾਲ ਜੁੜਿਆ ਹੋਇਆ ਸੀ। ਹੁਣ ਇਹ ਸਹੂਲਤ ਫ਼ਰੀਦਕੋਟ ਰੋਡ 'ਤੇ ਸਥਿਤ ਇੰਡਸਟਰੀਅਲ ਫੋਕਲ ਪੁਆਇੰਟ 'ਚ ਖੋਲ੍ਹੀ ਗਈ ਹੈ। ਇਸ ਮੌਕੇ ਫੋਕਲ ਪੁਆਇੰਟ ਐਸੋਸੀਏਸ਼ਨ ਦੇ ਪ੍ਰਧਾਨ ਵਿਸ਼ਾਲ ਗੋਇਲ, ਸੁਤੰਤਰ ਗੋਇਲ, ਸੀਤਲ ਗੋਇਲ ਕੈਸ਼ੀਅਰ, ਕਰਨ ਅਰੋੜਾ, ਵਿਪਨ ਗੁਪਤਾ, ਰਜੇਸ਼ ਅਰੋੜਾ, ਅਰੁਣ ਕੁਮਾਰ, ਰਜੀਵ ਚੋਪੜਾ, ਅਭਿਕ ਗੋਇਲ, ਸੀ ਏ.. ਅਨਮੋਲ ਜੁਨੇਜਾ, ਅਕਾਸ਼ ਮਹੇਸ਼ਵਰੀ, ਸਟੇਟ ਇੰਸ਼ੋਰੈਂਸ ਕਾਰਪੋਰੇਸ਼ਨ ਡਿਸਪੈਂਸਰੀ ਕੋਟਕਪੂਰਾ ਦੇ ਇੰਸ਼ੋਰੈਂਸ ਮੈਡੀਕਲ ਅਫ਼ਸਰ ਡਾ. ਹਰਜੋਤ ਕੌਰ, ਡਾ ਅੰਜਲੀ ਠਾਕੁਰ ਹਾਜ਼ਰ ਸਨ।



ਕਰਮਚਾਰੀ ਰਾਜ ਬੀਮਾ ਨਿਗਮ ਦੇ ਸ਼ਾਖ਼ਾ ਦਫ਼ਤਰ ਕੋਟਕਪੂਰਾ ਦੇ ਉਦਘਾਟਨ ਮੌਕੇ ਮਹਿਮਾਨਾਂ ਦਾ ਸਵਾਗਤ ਕਰਦੇ ਹੋਏ ਸੀਨੀਅਰ ਅਧਿਕਾਰੀ ਅਤੇ ਪਤਵੰਤੇ।



ਧਰਨੇ ਬਾਰੇ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਭਾਈ
ਜ। ਤਸਵੀਰ: ਗੁਰਮੀਤਪਾਲ ਰੋੜੀਕਪੂਰਾ

# Regional office of employees state insurance corporation inaugurated

KOTKAPURA (SURINDER DAMDAMI ): According to the instructions of Rakesh Kumar, Regional Director of Employees State Insurance Corporation, Punjab, the branch office Kotkapura was formally inaugurated today. Deputy Director Pargat Singh and Deputy Director State Language Manoj Tanwar, Satinder Singh Manager Branch Office Moga specially attended the opening ceremony of the branch office. On this occasion, Deputy Director Pargat Singh presided over the function. This brief function was conducted under the leadership of the Social Security Officer in charge of Kotkapura branch office and branch manager Raj Kumar Juneja.

